## ਪਾਠ-14

### ਆਲੋਕ ਸੁਖੀ, ਗੁਆਂਢੀ ਦੁਖੀ! ਨਾ ਬਈ ਨਾ! (ਲੇਖਕ- ਸ੍ਰੀ ਜਗਦੀਸ਼ ਕੌਸ਼ਲ)



## 1. ਪ੍ਰਸ਼ਨ/ਉੱਤਰ

**ਪ੍ਰਸ਼ਨ ੳ. ਆਲੋਕ, ਇਕਬਾਲ ਦੇ ਘਰ ਕਿਉਂ ਗਿਆ ਸੀ?**

ਉੱਤਰ : ਆਲੋਕ, ਇਕਬਾਲ ਦੇ ਘਰ ਸਕੂਲ ਦਾ ਕੰਮ ਪੁੱਛਣ ਗਿਆ ਸੀ।

**ਪ੍ਰਸ਼ਨ ਅ. ਆਲੋਕ ਨੂੰ ਇਕਬਾਲ ਕੋਲ ਬੈਠਿਆਂ ਕਿਸ ਗੱਲ ਦੀ ਚਿੰਤਾ ਹੋ ਰਹੀ ਸੀ?**

ਉੱਤਰ : ਆਲੋਕ ਨੂੰ ਇਸ ਗੱਲ ਦੀ ਚਿੰਤਾ ਹੋ ਰਹੀ ਸੀ ਕਿ ਉਹ ਇਕਬਾਲ ਦੇ ਘਰ ਆਉਣ ਤੋਂ ਪਹਿਲਾਂ ਆਪਣੇ ਕਮਰੇ ਦੀ ਬੱਤੀ ਬੁਝਾਉਣੀ ਭੁੱਲ ਗਿਆ ਸੀ।

**ਪ੍ਰਸ਼ਨ ੲ. ਆਲੋਕ ਫ਼ਜ਼ੂਲ-ਖ਼ਰਚੀ ਦੇ ਨਾਲ਼-ਨਾਲ਼ ਹੋਰ ਕਿਹੜੀਆਂ ਗੱਲਾਂ ਦਾ ਧਿਆਨ ਰੱਖਦਾ ਸੀ?**



ਉੱਤਰ : ਆਲੋਕ ਫ਼ਜ਼ੂਲ-ਖ਼ਰਚੀ ਦੇ ਨਾਲ਼-ਨਾਲ਼ ਦੂਜਿਆਂ ਦੇ ਸੁੱਖ ਦਾ ਖ਼ਿਆਲ ਵੀ ਰੱਖਦਾ ਸੀ ਤੇ ਸਮੇਂ ਸਿਰ ਆਪਣਾ ਸਕੂਲ ਦਾ ਕੰਮ ਕਰਦਾ ਸੀ।

**ਪ੍ਰਸ਼ਨ ਸ. ਆਲੋਕ ਦੇ ਕਮਰੇ ਵਿਚ ਜਗਦੀ ਬੱਤੀ ਕਾਰਨ ਕਿਸ-ਕਿਸ ਨੂੰ ਪਰੇਸ਼ਾਨੀ ਹੁੰਦੀ ਸੀ?**

ਉੱਤਰ - ਆਲੋਕ ਦੇ ਕਮਰੇ ਦੀ ਜਗਦੀ ਬੱਤੀ ਕਾਰਨ ਇਕਬਾਲ ਤੇ ਉਸ ਦੀ ਦਾਦੀ ਨੂੰ ਪਰੇਸ਼ਾਨੀ ਹੁੰਦੀ ਸੀ।

**ਪ੍ਰਸ਼ਨ ਹ. ਆਲੋਕ ਨੇ ਆਪਣੇ ਗੁਆਂਢੀਆਂ ਦੀ ਪਰੇਸ਼ਾਨੀ ਦਾ ਕੀ ਹੱਲ ਲੱਭਿਆ?**

ਉੱਤਰ : ਆਲੋਕ ਨੇ ਆਪਣੇ ਗੁਆਂਢੀਆਂ ਦੀ ਪਰੇਸ਼ਾਨੀ ਦੂਰ ਕਰਨ ਲਈ ਆਪਣੇ ਕਮਰੇ ਦੀ ਖਿੜਕੀ ਮੂਹਰੇ ਪਰਦਾ ਤਾਣ ਦਿੱਤਾ, ਤਾਂ ਜੋ ਉਸ ਦੇ ਕਮਰੇ ਦੀ ਰੋਸ਼ਨੀ ਬਾਹਰ ਨਾ ਦਿਸੇ।

**ਪ੍ਰਸ਼ਨ ਕ. ਇਸ ਪਾਠ ਤੋਂ ਸਾਨੂੰ ਕੀ ਸਿੱਖਿਆ ਮਿਲ਼ਦੀ ਹੈ?**

ਉੱਤਰ : ਇਸ ਪਾਠ ਤੋਂ ਸਾਨੂੰ ਇਹ ਸਿੱਖਿਆ ਮਿਲ਼ਦੀ ਹੈ ਕਿ ਸਾਨੂੰ ਗੁਆਂਢੀਆਂ ਦੇ ਸੁੱਖ ਦਾ ਖ਼ਿਆਲ ਰੱਖਣਾ ਚਾਹੀਦਾ ਹੈ, ਫ਼ਜ਼ੂਲ-ਖ਼ਰਚੀ ਨਹੀਂ ਕਰਨੀ ਚਾਹੀਦੀ ਤੇ ਸਕੂਲ ਦਾ ਕੰਮ ਵੀ ਸਮੇਂ ਸਿਰ ਕਰਨਾ ਚਾਹੀਦਾ ਹੈ।

## 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਵਰਤੋ :

1. ਇਸ਼ਾਰਾ (ਸੰਕੇਤ)- ਇਸ਼ਾਰਾ ਮਿਲ਼ਣ 'ਤੇ ਹੀ ਸੜਕ ਪਾਰ ਕਰਨੀ ਚਾਹੀਦੀ ਹੈ।
2. ਮੰਜ਼ਲ (ਟੀਚਾ, ਉਦੇਸ਼)- ਮਿਹਨਤ ਕਰਨ ਵਾਲ਼ਿਆਂ ਨੂੰ ਹੀ ਮੰਜ਼ਲ ਮਿਲ਼ਦੀ ਹੈ।
3. ਰੋਸ਼ਨੀ (ਚਾਨਣ)- ਸੂਰਜ ਦੀ ਰੋਸ਼ਨੀ ਬੂਟਿਆਂ ਲਈ ਬਹੁਤ ਜ਼ਰੂਰੀ ਹੈ।
4. ਪਰੇਸ਼ਾਨ (ਦੁਖੀ)- ਰਾਤ ਸਮੇਂ ਜਗਦੀ ਬੱਤੀ ਕਾਰਨ ਆਲੋਕ ਤੇ ਉਸ ਦੀ ਦਾਦੀ ਨੂੰ ਪਰੇਸ਼ਾਨੀ ਹੋ ਰਹੀ ਸੀ।।
5. ਨੁਕਸਾਨ (ਹਾਨੀ)- ਜ਼ਿਆਦਾ ਮੀਂਹ ਵੀ ਫ਼ਸਲਾਂ ਦਾ ਨੁਕਸਾਨ ਕਰਦਾ ਹੈ।
6. ਪ੍ਰਬੰਧ (ਇੰਤਜ਼ਾਮ)- ਕਰੋਨਾ ਦੇ ਵਾਧੇ ਨੂੰ ਰੋਕਣ ਲਈ ਸਰਕਾਰ ਵੱਲੋਂ ਪ੍ਰਬੰਧ ਕੀਤੇ ਗਏ ਹਨ।

## 3. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ:

| ਸ਼ਬਦ | ਕਿਸ ਨੇ ਕਿਸ ਨੂੰ ਕਹੇ |
|---|---|
| 1. "ਆਪਣੇ ਗੱਲਾਂ ਕਰਨ ਨਾਲ਼ ਦਾਦੀ ਜੀ ਦੀ ਨੀਂਦ ਖ਼ਰਾਬ ਤਾਂ ਨਹੀਂ ਹੁੰਦੀ?" | ਆਲੋਕ ਨੇ ਇਕਬਾਲ ਨੂੰ ਕਹੇ। |
| 2. "ੳ-ਹੋ! ਮੈਂ ਤਾਂ ਆਪਣੇ ਕਮਰੇ ਦੀ ਬੱਤੀ ਜਗਦੀ ਛੱਡ ਆਇਆ।" | ਆਲੋਕ ਨੇ ਇਕਬਾਲ ਨੂੰ ਕਹੇ। |
| 3. "ਨੁਕਸਾਨ ਕਾਹਦਾ ਦਾਦੀ ਜੀ! ਮੈਂ ਕੋਈ ਹੋਰ ਪ੍ਰਬੰਧ ਕਰ ਲੈਣਾ ਸੀ।" | ਆਲੋਕ ਨੇ ਦਾਦੀ ਜੀ ਨੂੰ ਕਹੇ। |

## 4. ਵਿਆਕਰਨ :

**ਹੇਠ ਲਿਖੇ ਪੈਰੇ ਵਿੱਚੋਂ ਕਿਰਿਆ-ਸ਼ਬਦ ਚੁਣੋ :**

ਇੱਕ ਦਿਨ ਆਲੋਕ ਨੂੰ ਹਲਕਾ ਜਿਹਾ ਬੁਖ਼ਾਰ **ਚੜ੍ਹ ਗਿਆ**। ਉਹਨੇ ਸਕੂਲੋਂ ਛੁੱਟੀ **ਲੈ ਲਈ**। ਉਹ ਜਿਸ ਦਿਨ ਵੀ ਛੁੱਟੀ **ਲੈਂਦਾ**, ਸ਼ਾਮ ਨੂੰ ਇਕਬਾਲ ਕੋਲੋਂ ਜਾਂ ਅਗਲੇ ਦਿਨ ਕਿਸੇ ਜਮਾਤੀ ਕੋਲੋਂ ਸਕੂਲੋਂ **ਮਿਲ਼ਿਆ** ਕੰਮ **ਪੁੱਛ ਲੈਂਦਾ**। ਉਹ ਸਕੂਲੋਂ ਮਿਲ਼ਣ ਵਾਲ਼ਾ ਕੰਮ ਪੂਰਾ **ਕਰਦਾ ਸੀ** ਤਾਂ ਜੋ ਪੜ੍ਹਾਈ ਵਿੱਚ ਬਾਕੀ ਜਮਾਤ ਤੋਂ ਪਿੱਛੇ ਨਾ **ਰਹਿ ਜਾਵੇ**। ਉਸ ਦਿਨ ਸ਼ਾਮ ਤੱਕ ਉਸ ਦਾ ਬੁਖ਼ਾਰ **ਉੱਤਰ ਗਿਆ**। ਉਹ ਸਕੂਲ ਦਾ ਕੰਮ **ਪੁੱਛਣ** ਵਾਸਤੇ ਇਕਬਾਲ ਦੇ ਘਰ ਵੱਲ **ਤੁਰ ਪਿਆ**।